# ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਟਿਡ, ਚੰਡੀਗੜ੍ਹ।

## ਸਰਕੂਲਰ

ਨੰ:ਪਲਉਨਿਨਿ/ਪ੍ਰਸੋਨਲ/ਸ-6/ 3884-92
ਮਿਤੀ 02/05/2022

1. ਨਿੱਜੀ ਸਕੱਤਰ/ਪ੍ਰਬੰਧਕ ਨਿਰਦੇਸ਼ਕ।
2. ਨਿੱਜੀ ਸਹਾਇਕ/ਵਧੀਕ ਪ੍ਰਬੰਧਕ ਨਿਰਦੇਸ਼ਕ।
3. ਨਿੱਜੀ ਸਕੱਤਰ/ਸਲਾਹਕਾਰ (ਪਾਲਿਸੀ)।
4. ਸਮੂਹ ਫੰਕਸ਼ਨਲ ਮੁੱਖੀ/ਮੁੱਖ ਦਫਤਰ।
5. ਸਮੂਹ ਅਫਸਰ/ਸ਼ਾਖਾ ਅਫਸਰ, ਮੁਖ ਦਫਤਰ ਅਤੇ ਫੀਲਡ ਦਫਤਰ।
6. ਸਮੂਹ ਸੇਲ੍ਜ਼ ਮੈਨੇਜਰ/ ਡਿਪੂ ਮੈਨੇਜਰ/ ਬਰਾਂਡ ਮੈਨੇਜਰ/ ਸੇਲਜ ਕੁਆਰਡੀਨੇਟਰ, ਹੁਸ਼ਿਆਰਪੁਰ।
7. ਸਮੂਹ ਐਸ.ਡੀ.ਈ./ਜੇ.ਈ.

ਵਿਸ਼ਾ:- ਸਾਲ 2022-2023 ਦੌਰਾਨ ਦਰਜਾ-4 (ਗਰੁੱਪ ਡੀ) ਕਰਮਚਾਰੀਆਂ ਨੂੰ ਕਣਕ ਖਰੀਦਣ ਲਈ ਵਿਆਜ ਰਹਿਤ ਕਰਜਾ ਦੇਣ ਬਾਰੇ।

ਨਿਗਮ ਦੇ ਦਰਜਾ-4 ਕਰਮਚਾਰੀਆਂ (ਦਿਹਾੜੀਦਾਰ, ਵਰਕਚਾਰਜ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ) ਨੂੰ ਹੇਠ ਲਿਖੀਆ ਸ਼ਰਤਾਂ ਦੇ ਆਧਾਰ ਤੇ ਕਣਕ ਖਰੀਦਣ ਲਈ ਰੁ:8000/- (ਅੱਠ ਹਜਾਰ ਸਿਰਫ) ਵਿਆਜ ਰਹਿਤ ਕਰਜਾ ਦੇਣ ਦਾ ਫੈਸਲਾ ਕੀਤਾ ਗਿਆ ਹੈ -

1. ਇਹ ਕਰਜਾ ਸਿਰਫ ਰੈਗੂਲਰ ਦਰਜਾ-4 (ਗਰੁੱਪ ਡੀ) ਕਰਮਚਾਰੀਆਂ ਨੂੰ ਹੀ ਮਿਲੇਗਾ।
2. ਇਹ ਕਰਜਾ ਲੈਣ ਵਾਸਤੇ ਬੇਨਤੀ ਪੱਤਰ ਦੇਣ ਦੀ ਮਿਤੀ 11.05.2022 ਤੱਕ ਹੈ।
3. ਕਰਜਾ ਲੈਣ ਵਾਲੇ ਕਰਮਚਾਰੀ ਨੂੰ ਕਰਜਾ ਲੈਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਕਣਕ ਖਰੀਦੇ ਜਾਣ ਦੀ ਰਸੀਦ ਸਬੂਤ ਵਜੋਂ ਪੇਸ਼ ਕਰਨੀ ਪਵੇਗੀ। ਦਿੱਤੇ ਕਰਜੇ ਤੋਂ ਘੱਟ ਰਕਮ ਵਰਤੇ ਜਾਣ ਦੀ ਸੂਰਤ ਵਿੱਚ ਬਾਕੀ ਬਕਾਇਆ ਰਕਮ ਕਰਮਚਾਰੀ ਨੂੰ ਰਸੀਦ ਪੇਸ ਕਰਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣੀ ਪਵੇਗੀ।
4. ਵਿਆਜ ਰਹਿਤ ਕਰਜਾ 8 ਬਰਾਬਰ ਕਿਸ਼ਤਾਂ ਵਿੱਚ ਵਸੂਲਿਆ ਜਾਵੇਗਾ ਅਤੇ ਇਹ ਵਸੂਲੀ ਜੂਨ, 2022 ਦੀ ਤਨਖਾਹ ਵਿੱਚੋਂ ਕੱਟਣੀ ਸ਼ੁਰੂ ਹੋਵੇਗੀ।
5. ਇਸ ਕਰਜੇ ਦੀ ਰਕਮ ਮਿਤੀ 10.06.2022 ਤੱਕ ਕਢਵਾਈ ਜਾ ਸਕੇਗੀ।
6. ਇਕ ਪਰਿਵਾਰ ਦੇ ਇੱਕ ਤੋਂ ਵੱਧ ਮੈਂਬਰਾਂ ਦਾ ਪੰਜਾਬ ਸਰਕਾਰ/ਨਿਗਮ ਦੀ ਸੇਵਾ ਵਿੱਚ ਹੋਣ ਤੇ ਇੱਕ ਥਾਂ ਰਹਿੰਦੇ ਹਨ, ਦੀ ਸੂਰਤ ਵਿੱਚ ਸਿਰਫ ਇੱਕ ਮੈਂਬਰ ਨੂੰ ਹੀ ਕਰਜਾ ਦਿੱਤਾ ਜਾਵੇਗਾ।
7. ਕਰਜੇ ਲਈ ਬੇਨਤੀ ਨਾਲ ਨੱਥੀ ਪ੍ਰੋਫਾਰਮੇ ਵਿੱਚ ਭਰ ਕੇ ਤੁਰੰਤ ਭੇਜੀ ਜਾਵੇ ਜੀ।

ਪ੍ਰਬੰਧਕ (ਪ੍ਰਸੋਨਲ)

ਕਾਪੀ:- 1. ਪ੍ਰੋਗਰਾਮਰ, ਆਈ. ਟੀ.:- ਨਿਗਮ ਦੀ ਵੈਬ ਸਾਇਟ ਤੇ ਅਪ ਲੋਡ ਕਰਨ ਲਈ।

2. ਨੋਟਿਸ ਬੋਰਡ।

# ਸਾਲ 2022-2023 ਕਣਕ ਲਈ ਕਰਜਾ ਲੈਣ ਲਈ ਬੇਨਤੀ ਪੱਤਰ

ਬਿਨੈਕਾਰ ਦਾ ਨਾਮ ..............................................................................

ਪਿਤਾ/ਪਤੀ ਦਾ ਨਾਮ ..............................................................................

ਅਹੁੱਦਾ ..............................................................................

ਮੌਜੂਦਾ ਨਿਯੁੱਕਤੀ ਦੀ ਥਾਂ ..............................................................................

ਮੋਬਾਇਲ ਨੰਬਰ ..............................................................................

ਮੰਗੀ ਗਈ ਰਕਮ ..............................................................................

ਸੇਵਾ-ਮੁਕਤੀ ਦੀ ਮਿਤੀ ..............................................................................

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ਼੍ਰੀ/ਸ਼੍ਰੀਮਤੀ.............................................................. ਜੋਕਿ ਮੇਰਾ/ਮੇਰੀ ਪਤਨੀ/ਪਤੀ ਪਰਿਵਾਰ ਦਾ ਮੈਂਬਰ ਹੈ ਤੇ ਮੇਰ ਕੋਲ ਰਹਿ ਰਿਹਾ ਹੈ ...................................................... ਮਹਿਕਮੇ ਵਿੱਚ ਕੰਮ ਕਰ ਰਿਹਾ ਹੈ, ਨੇ ਸਾਲ 2022-2023 ਦੌਰਾਨ ਕਣਕ ਲਈ ਕਰਜੇ ਸਬੰਧੀ ਅਰਜੀ ਨਹੀਂ ਦਿੱਤੀ।

**ਕਰਮਚਾਰੀ ਦੇ ਹਸਤਾਖਰ**

## ਸਰਟੀਫਿਕੇਟ

ਇਸ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੀ ਪਤਨੀ/ਪਤੀ/ਪਰਿਵਾਰ ਦਾ ਮੈਂਬਰ ਹੈ, ਜੋਕਿ ਮੇਰੇ ਨਾਲ ਰਹਿ ਰਿਹਾ ਹੈ, ਪੰਜਾਬ ਸਰਕਾਰ ਦਾ ਮੁਲਾਜਮ ਨਹੀਂ ਹੈ।

**ਕਰਮਚਾਰੀ ਦੇ ਹਸਤਾਖਰ**